# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈੱਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਲ 2019-20 ਲਈ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ ਹੇਠ ਲਿਖੀਆਂ ਮਿਤੀਆਂ ਅਨੁਸਾਰ ਕਰਵਾਏ ਜਾ ਰਹੇ ਹਨ:

ਜ਼ਿਲ੍ਹਾ ਪੱਧਰ ਪਹਿਲਾ ਰੂਟ- 20-8-2019 ਤੋਂ 22-8-2019

ਜ਼ਿਲ੍ਹਾ ਪੱਧਰ ਦੂਜਾ ਰੂਟ- 27-8-2019 ਤੋਂ 29-8-2019

ਖੇਤਰ ਪੱਧਰ- ਇਸ ਵਾਰ ਖੇਤਰ ਪੱਧਰ ਦੇ ਮੁਕਾਬਲੇ ਦੋ ਰੂਟਾਂ ਵਿੱਚ ਕਰਵਾਏ ਜਾ ਰਹੇ ਹਨ।

ਪਹਿਲਾ ਰੂਟ-(ਅੰਮ੍ਰਿਤਸਰ ਅਤੇ ਜਲੰਧਰ) 17-9-2019 ਤੋਂ 19-9-2019

ਦੂਜਾ ਰੂਟ-(ਬਠਿੰਡਾ ਅਤੇ ਸੰਗਰੂਰ) 25-9-2019 ਤੋਂ 27-9-2019

ਇਸ ਵਰ੍ਹੇ ਇਹ ਮੁਕਾਬਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕੀਤੇ ਜਾਣੇ ਹਨ। ਇਹਨਾਂ ਮੁਕਾਬਲਿਆਂ ਵਿੱਚ ਭੰਗੜਾ, ਗਿੱਧਾ, ਲੋਕ-ਨਾਚ, ਰਿਵਾਇਤੀ ਗੀਤ ਅਤੇ ਸੋਲੋ ਡਾਂਸ ਆਦਿ ਨੂੰ ਛੱਡ ਕੇ ਬਾਕੀ ਸਾਰੇ ਮੁਕਾਬਲੇ ਜਿਵੇਂ, ਸ਼ਬਦ, ਵਾਰ, ਕਵਿਸ਼ਰੀ,ਕਵਿਤਾ, ਗੀਤ, ਸੁੰਦਰ ਲਿਖਾਈ, ਚਿਤਰਕਲਾ, ਨਾਟਕ, ਸ਼ਬਦ ਜੋੜ, ਭਾਸ਼ਣ, ਮੌਲਿਕ ਲਿਖਤ ਅਤੇ ਆਮ ਗਿਆਨ ਅਤੇ ਗਤਕਾ ਆਦਿ ਗੁਰੂ ਜੀ ਦੀ ਜੀਵਨੀ ਅਤੇ ਫਲਸਫ਼ੇ ਨਾਲ਼ ਸੰਬੰਧਿਤ ਹੋਣਗੇ।

ਮੁਕਾਬਲਿਆਂ ਸੰਬੰਧੀ ਕੁੱਝ ਖ਼ਾਸ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:

1. ਸ਼ਬਦ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਬਾਣੀ ਵਿੱਚੋਂ ਹੀ ਗਾਇਨ ਕੀਤੇ ਜਾਣ।
2. ਚਿੱਤਰਕਲਾ ਅਤੇ ਭਾਸ਼ਣ ਲਈ ਸਿਰਲੇਖ ਪਹਿਲਾਂ ਦਫ਼ਤਰ ਵੱਲੋਂ ਦਿੱਤੇ ਜਾਂਦੇ ਸਨ ਪਰ ਹੁਣ ਇਸ ਸਾਲ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਦੀ ਜੀਵਨੀ ਅਤੇ ਫਲਸਫ਼ੇ ਨਾਲ਼ ਸੰਬੰਧਿਤ ਆਪ ਤਿਆਰ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ।
3. ਚਿੱਤਰਕਲਾ ਮੁਕਾਬਲੇ ਵਿੱਚ ਗੁਰੂ ਜੀ ਦੇ ਸਰੂਪ ਚਿੱਤਰ ਬਣਾਉਣ ਦੀ ਮਨਾਹੀ ਹੈ (ਸ੍ਰੀ ਅਕਾਲ ਤਖ਼ਤ ਵੱਲੋਂ) ਕੇਵਲ ਉਹਨਾਂ ਦੇ ਜੀਵਨ ਅਤੇ ਫ਼ਲਸਫ਼ੇ ਦੇ ਅਧਾਰਿਤ ਹੀ ਪ੍ਰਕਾਸ਼ ਚਿੱਤਰ ਬਣਾਏ ਜਾਣ।
4. ਪੰਜਾਬ ਰਾਜ ਦੇ ਸਮੂਹ ਸਰਕਾਰੀ/ਐਫੀਲੀਏਟਿਡ ਮਾਨਤਾ ਪ੍ਰਾਪਤ ਸਕੂਲਾਂ/ਸੰਸਥਾਵਾਂ ਦੇ ਮੁੱਖੀਆਂ/ਮੁਕਾਬਲੇ ਤਿਆਰ ਕਰਵਾਉਣ ਵਾਲ਼ੇ ਅਧਿਆਪਕਾਂ ਅਤੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲ਼ੇ ਵਿਦਿਆਰਥੀਆਂ ਨੂੰ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਕੋਈ ਵੀ ਅੱਖਰ/ਸ਼ਬਦ, ਗੀਤ, ਵਾਰ, ਨਾਟਕ, ਕਵਿਤਾ, ਭਾਸ਼ਣ ਆਦਿ ਵਿਵਾਦਿਤ ਨਹੀਂ ਹੋਣਾ ਚਾਹੀਦਾ। ਮੁਕਾਬਲੇ ਸਿੱਖ ਮਰਿਆਦਾ ਦੇ ਅਨੁਕੂਲ ਹੋਣੇ ਚਾਹੀਦੇ ਹਨ। ਸਕੂਲ ਮੁਖੀ/ਸਬੰਧਿਤ ਅਧਿਆਪਕ ਅਤੇ ਵਿਦਿਆਰਥੀ ਮੁਕਾਬਲੇ ਤਿਆਰ ਕਰਨ/ਪੇਸ਼ਕਾਰੀ ਕਰਨ ਸਮੇਂ ਇਸ ਗੱਲ ਦਾ ਖ਼ਾਸ ਧਿਆਨ ਰੱਖਣਗੇ।

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਵਾਈਸ ਚੇਅਰਮੈਨ

**ਫੋਨ ਨੰ.**

1. ਡਿਪਟੀ ਡਾਇਰੈਕਟਰ (ਫੀ.ਪ੍ਰੋ.) 98550-82821
2. ਵਿਸ਼ਾ ਮਾਹਰ (ਫੀ.ਪ੍ਰੋ.) 98880-22647
3. ਸੁਪਰਡੰਟ (ਫੀ.ਪ੍ਰੋ.) 98726-85400